ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 13 ਅਕਤੂਬਰ 2026 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਜਿਲ੍ਹਾ ਪਟਿਆਲਾ ਵਿਖੇ ਜਨਗਣਨਾ-2027 ਦੇ ਦੂਜੇ ਪੜਾਅ (ਆਬਾਦੀ ਗਣਨਾ) ਸਬੰਧੀ ਗਿਣਤੀਕਾਰਾਂ ਅਤੇ ਸੁਪਰਵਾਈਜਰਾਂ ਦੀ ਟ੍ਰੇਨਿੰਗ ਵਰਕਸ਼ਾਪ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 13 ਅਕਤੂਬਰ : ਜਿਲ੍ਹਾ ਪਟਿਆਲਾ ਵਿਖੇ ਜਨਗਣਨਾ 2027 ਸਬੰਧੀ ਗਿਣਤੀਕਾਰਾਂ ਅਤੇ ਸੁਪਰਵਾਈਜਰਾਂ ਦੀ ਚਾਰਜ ਪੱਧਰ ਤੇ (6 ਤਹਿਸੀਲਾਂ ਅਤੇ 5 ਨਗਰ ਕੌਂਸ਼ਲਾਂ ਅਤੇ 4 ਨਗਰ ਪੰਚਾਇਤਾਂ) ਜਨਗਣਨਾ-2027 ਦੇ ਦੂਜੇ ਪੜਾਅ (ਆਬਾਦੀ ਗਣਨਾ) ਸਬੰਧੀ ਟ੍ਰੇਨਿੰਗਾਂ ਸ਼ੁਰੂ ਹੋ ਗਈਆਂ ਹਨ ਇਹ ਟ੍ਰੇਨਿੰਗਾਂ ਸੈਂਸਜ ਸਰਕੁਲਰ ਨੰ. 27 ਅਨੁਸਾਰ ਮਿਤੀ 05.10.2026 ਤੋਂ ਮਿਤੀ 10.11.2026 ਤੱਕ ਕਰਵਾਈ ਜਾਣੀਆਂ ਹਨ। ਇਹ ਟ੍ਰੇਨਿੰਗਾਂ ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸੰਜ ਅਫਸਰ, ਪਟਿਆਲਾ ਡਾ. ਹਿਮਾਂਸ਼ੂ ਅਗਰਵਾਲ (ਆਈ.ਏ.ਐਸ) ਜੀ ਦੀ ਅਗਵਾਈ ਹੇਠ ਸ਼ੁਰੂ ਹੋਈ ਹੈ। ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਜਿਲ੍ਹਾ ਸੈਂਸਜ ਅਫਸਰ ਦਮਨਜੀਤ ਸਿੰਘ ਮਾਨ (ਪੀ.ਸੀ.ਐਸ) ਜਿਲ੍ਹਾ ਪਟਿਆਲਾ ਵਿਖੇ ਬਤੌਰ ਸੈਂਸਜ ਨੋਡਲ ਅਫਸਰ ਹਨ। ਜਿਲ੍ਹਾ ਪੱਧਰ ਤੇ ਟ੍ਰੇਨਿੰਗ ਪ੍ਰਾਪਤ 58 ਫੀਲਡ ਟ੍ਰੇਨਰਾਂ ਵੱਲੋਂ 6 ਤਹਿਸੀਲਾਂ, 5 ਨਗਰ ਕੌਂਸ਼ਲਾਂ ਅਤੇ 4 ਨਗਰ ਪੰਚਾਇਤਾਂ ਵਿਖੇ ਲਗਭਗ 3300 ਗਿਣਤੀਕਾਰਾਂ ਅਤੇ ਸੁਪਰਵਾਈਜਰਾਂ ਸਮੇਤ ਰਿਜ਼ਰਵ ਸਟਾਫ ਨੂੰ ਟ੍ਰੇਨਿੰਗਾਂ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਟ੍ਰੇਨਿੰਗਾਂ ਦੀ ਮੋਨੀਟਰਿੰਗ ਅਮਨ ਕੁਮਾਰ ਬਲਿਹਾਰ, ਜਿਲ੍ਹਾ ਕੁਆਡੀਨੇਟਰ, ਸੈਂਸਜ ਓਪਰੇਸ਼ਨ ਵਿਭਾਗ ਪੰਜਾਬ ਚੰਡੀਗੜ੍ਹ, ਨਿਸ਼ੂ ਸ਼ਰਮਾ, ਮਾਸਟਰ ਟ੍ਰੇਨਰ ਪਟਿਆਲਾ ਅਤੇ ਸਹਾਇਕ ਖੋਜ ਅਫਸਰ-ਕਮ-ਵਧੀਕ ਜਿਲ੍ਹਾ ਸੈਂਸਜ ਅਫਸਰ, ਪਟਿਆਲਾ ਜਸਵਿੰਦਰ ਕੌਰ ਅਤੇ ਸੈਂਸਜ ਸੈੱਲ ਟੀਮ ਵੱਲੋਂ ਚਾਰਜ ਪੱਧਰ ਤੇ ਜਾ ਕੇ ਕੀਤੀ ਜਾ ਰਹੀ ਹੈ।

ਸੈਂਸਜ-2027 ਦੇ ਦੂਜੇ ਫੇਸ ਵਿੱਚ ਇਨਾਂ ਗਿਣਤੀਕਾਰਾਂ ਵੱਲੋਂ ਮਿਤੀ 01 ਦਸੰਬਰ 2026 ਤੋ 4 ਜਨਵਰੀ 2027 ਤੱਕ ਲੋਕਾਂ ਦੇ ਘਰ-ਘਰ ਜਾ ਕੇ ਆਬਾਦੀ ਗਣਨਾ ਦਾ ਕੰਮ ਕੀਤਾ ਜਾਵੇਗਾ ਅਤੇ ਨਾਗਰਿਕਾਂ ਨੂੰ 40 ਸਵਾਲ ਪੁੱਛੇ ਜਾਣਗੇ। ਇਨ੍ਹਾਂ ਸੁਪਰਵਾਈਜ਼ਰ ਅਤੇ ਗਿਣਤੀਕਾਰਾਂ ਨੂੰ ਤਹਿਸੀਲ/ਚਾਰਜ ਪੱਧਰ ਤੇ ਸਿਖਲਾਈ ਪ੍ਰੋਗਰਾਮ ਦੌਰਾਨ ਜਨਗਣਨਾ-2027 ਦੇ ਦੂਜੇ ਪੜਾਅ ਨਾਲ ਸਬੰਧਤ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ, ਪ੍ਰੈਕਟੀਕਲ ਡੈਮੋ ਅਤੇ ਅਭਿਆਸ ਕਰਵਾਇਆ ਜਾ ਰਿਹਾ ਹੈ।

ਜਿਲ੍ਹਾ ਪਟਿਆਲਾ ਵਿਖੇ ਸੈਂਸੰਜ-2027 ਦੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਜਿਲ੍ਹਾ ਸੈਂਸਜ ਅਫਸਰ ਵੱਲੋਂ ਦੱਸਿਆ ਗਿਆ ਕਿ ਇਸ ਜਨਗਣਨਾ ਵਿੱਚ 'ਸੈਲਫ ਇਨੁਮੀਰੇਸ਼ਨ' ਦੇ ਕੰਮ ਵਜੋਂ ਪਹਿਲ ਕੀਤੀ ਗਈ ਹੈ। ਜਿਸ ਵਿੱਚ ਕੋਈ ਵੀ ਨਾਗਰਿਕ ਆਪਣੇ ਘਰ ਦੀ ਗਿਣਤੀ ਮਿਤੀ 16 ਨਵੰਬਰ 2026 ਤੋਂ 30 ਨਵਬੰਰ 2026 ਤੱਕ ਆਪ ਕਰ ਸਕਦਾ ਹੈ ਅਤੇ ਜਿਲ੍ਹਾ ਪਟਿਆਲਾ ਦੇ ਵਾਸੀਆ ਨੂੰ ਅਪੀਲ ਕੀਤੀ 'ਸੈਲਫ ਇਨੁਮੀਰੇਸ਼ਨ' ਦੇ ਕੰਮ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ। ਜਨਗਣਨਾ ਦਾ ਦੂਜਾ ਫੇਸ 01 ਦਸੰਬਰ 2026 ਤੋਂ 04 ਜਨਵਰੀ 2027 ਤੱਕ ਆਬਾਦੀ ਗਣਨਾ ਵਜੋਂ ਸ਼ੁਰੂ ਕੀਤਾ ਜਾਵੇਗਾ, ਜਿਸ ਵਿੱਚ ਇਨੁਮੀਰੇਟਰ ਲੋਕਾਂ ਦੇ ਘਰ-ਘਰ ਜਾ ਕੇ ਆਬਾਦੀ ਗਣਨਾ ਦਾ ਕੰਮ ਕਰਨਗੇ ਅਤੇ ਨਾਗਰਿਕਾਂ ਨੂੰ 40 ਸਵਾਲ ਪੁੱਛੇ ਜਾਣਗੇ। ਮਾਨਯੋਗ ਡਿਪਟੀ ਕਮਿਸ਼ਨਰ ਜੀ ਅਤੇ ਮਾਨਯੋਗ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਪਟਿਆਲਾ ਜੀ ਵੱਲੋਂ ਜਿਲ੍ਹੇ ਦੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਭਾਰਤ ਸਰਕਾਰ ਵੱਲੋਂ ਕਰਵਾਏ ਜਾ ਰਹੇ ਜਨਗਣਨਾ ਦੇ ਇਸ ਕੰਮ ਵਿਚ ਪੂਰਨ ਸਹਿਯੋਗ ਕਰਨ। ਸੈਂਸਜ ਟ੍ਰੇਨਿੰਗ ਦੀ ਮੋਨੀਟਰਿੰਗ ਦੌਰਾਨ ਤਹਿਸੀਲ ਪਟਿਆਲਾ ਵਿਖੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਸ੍ਰੀਮਤੀ ਜਸਵਿੰਦਰ ਕੌਰ, ਅਮਨ ਕੁਮਾਰ ਬਲਿਹਾਰ, ਜਿਲ੍ਹਾ ਕੁਆਡੀਨੇਟਰ, ਸੈਂਸਜ ਸੈੱਲ ਟੀਮ ਨਰਿੰਦਰ ਕੁਮਾਰ, ਕਲਰਕ (ਲੇਖਾ), ਬਿਕਰਮਜੀਤ ਸਿੰਘ ਇੰਨਵੈਸਟੀਗੇਟਰ, ਕੁਲਇੰਦਰਜੀਤ ਸਿੰਘ, ਹੇਮੰਤ ਕੁਮਾਰ ਇੰਨਵੈਸਟੀਗੇਟਰ ਮੌਜੂਦ ਰਹੇ।

ਦੂਜੇ ਨਰਾਤੇ ਮੌਕੇ ਲਗਭਗ 60 ਹਜ਼ਾਰ ਸ਼ਰਧਾਲੂਆਂ ਨੇ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਮੱਥਾ ਟੇਕਿਆ

ਮੰਦਿਰ ਦੇ ਬਾਹਰ ਮਾਲ ਰੋਡ 'ਤੇ ਰੋਜ਼ਾਨਾ ਸ਼ਾਮ 7 ਤੋਂ ਰਾਤ 10 ਵਜੇ ਤੱਕ ਸਜਦੀ ਹੈ ਮਾਤਾ ਕੀ ਚੌਂਕੀ, ਹੁੰਦਾ ਹੈ ਮਾਤਾ ਰਾਣੀ ਦਾ ਗੁਣਗਾਨ

ਮੰਦਰ ਦੇ ਨਵੇਂ ਉਸਾਰੇ ਲੰਗਰ ਹਾਲ ਵਿੱਚ ਲਗਭਗ 7 ਹਜ਼ਾਰ ਸ਼ਰਧਾਲੂਆਂ ਨੇ ਲੰਗਰ ਛਕਿਆ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 13 ਅਕਤੂਬਰ : ਅੱਸੂ ਦੇ ਦੂਜੇ ਨਰਾਤੇ ਮੌਕੇ ਅੱਜ ਪਟਿਆਲਾ ਦੇ ਇਤਿਹਾਸਕ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਲਗਭਗ 60 ਹਜ਼ਾਰ ਸ਼ਰਧਾਲੂਆਂ ਨੇ ਨਤਮਸਤਕ ਹੋ ਕੇ ਮਾਤਾ ਰਾਣੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸਵੇਰ ਤੋਂ ਹੀ ਦੂਰ-ਦੁਰਾਡੇ ਤੋਂ ਸ਼ਰਧਾਲੂ ਮਾਤਾ ਦੇ ਦਰਬਾਰ ਵਿੱਚ ਮੱਥਾ ਟੇਕਣ ਲਈ ਪਹੁੰਚਦੇ ਰਹੇ। ਮੰਦਰ ਦੇ ਨਵੀਨੀਕਰਨ ਉਪਰੰਤ ਸ਼ਰਧਾਲੂਆਂ ਨੂੰ ਮਿਲ ਰਹੀਆਂ ਸਹੂਲਤਾਂ ਪ੍ਰਤੀ ਵੀ ਉਨ੍ਹਾਂ ਵਿੱਚ ਉਤਸ਼ਾਹ ਦੇਖਣ ਨੂੰ ਮਿਲਿਆ। ਮੰਦਰ ਦੀ ਸਲਾਹਕਾਰ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਵੱਲੋਂ ਸ਼ਰਧਾਲੂਆਂ ਦਾ ਸਵਾਗਤ ਕੀਤਾ ਗਿਆ।

ਮੰਦਰ ਦੀ ਸਲਾਹਕਾਰ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਆਮ ਦਿਨਾਂ ਦੌਰਾਨ ਮੰਦਰ ਵਿਖੇ ਰੋਜ਼ਾਨਾ 50 ਤੋਂ 60 ਹਜ਼ਾਰ ਸ਼ਰਧਾਲੂ ਨਤਮਸਤਕ ਹੋਣ ਲਈ ਪਹੁੰਚਦੇ ਹਨ, ਜਦਕਿ ਸ਼ਨੀਵਾਰ ਅਤੇ ਐਤਵਾਰ ਨੂੰ ਇਹ ਗਿਣਤੀ ਇੱਕ ਲੱਖ ਤੋਂ ਵੀ ਵੱਧ ਹੋ ਜਾਂਦੀ ਹੈ। ਇਸ ਦੌਰਾਨ ਮੰਦਰ ਵਿਖੇ ਨਵੇਂ ਉਸਾਰੇ ਗਏ ਲੰਗਰ ਹਾਲ ਵਿੱਚ ਲਗਭਗ 7 ਹਜ਼ਾਰ ਸ਼ਰਧਾਲੂਆਂ ਨੇ ਲੰਗਰ ਛਕਿਆ ਅਤੇ ਮਾਤਾ ਰਾਣੀ ਦਾ ਗੁਣਗਾਨ ਕੀਤਾ।

ਮੰਦਰ ਦੀ ਸਲਾਹਕਾਰ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਮਹੇਸ਼ ਮਿੱਤਲ, ਸੀ.ਏ. ਅਜੇ ਅਲੀਪੁਰੀਆ, ਡਾ. ਰਾਜ ਕੁਮਾਰ ਗੁਪਤਾ ਅਤੇ ਸੰਜੇ ਸਿੰਗਲਾ ਨੇ ਦੱਸਿਆ ਕਿ ਨਰਾਤਿਆਂ ਦੌਰਾਨ ਸ਼ਰਧਾਲੂਆਂ ਦੀ ਸਹੂਲਤ ਲਈ ਮਾਲ ਰੋਡ ਵਿਖੇ ਰੋਜ਼ਾਨਾ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਮਾਤਾ ਕੀ ਚੌਂਕੀ ਸਜਾਈ ਜਾਂਦੀ ਹੈ, ਜਿਸ ਦੌਰਾਨ ਭਜਨਾਂ ਰਾਹੀਂ ਮਾਤਾ ਰਾਣੀ ਦਾ ਗੁਣਗਾਨ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਦੇ ਪੁਨਰ-ਨਿਰਮਾਣ ਅਤੇ ਸੁੰਦਰੀਕਰਨ ਲਈ ਲਗਭਗ 85 ਕਰੋੜ ਰੁਪਏ ਦੇ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਮਾਤਾ ਰਾਣੀ ਦੀ ਕਿਰਪਾ ਨਾਲ ਇਨ੍ਹਾਂ ਪ੍ਰਾਜੈਕਟਾਂ ਦਾ ਕੰਮ ਜਲਦ ਮੁਕੰਮਲ ਹੋ ਜਾਵੇਗਾ, ਜਿਸ ਉਪਰੰਤ ਸ਼ਰਧਾਲੂਆਂ ਨੂੰ ਮੰਦਰ ਦਾ ਹੋਰ ਵਿਸ਼ਾਲ ਅਤੇ ਸ਼ਾਨਦਾਰ ਰੂਪ ਦੇਖਣ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਹੁਣ ਤੱਕ ਮੁਕੰਮਲ ਹੋਏ ਵਿਕਾਸ ਕਾਰਜਾਂ ਨਾਲ ਵੀ ਸ਼ਰਧਾਲੂਆਂ ਨੂੰ ਬਿਹਤਰ ਸਹੂਲਤਾਂ ਮਿਲ ਰਹੀਆਂ ਹਨ।

ਸ. ਹਕੀਕਤ ਸਿੰਘ ਮਾਂਗਟ ਨਮਿਤ ਭੋਗ ਤੇ ਅੰਤਿਮ ਅਰਦਾਸ 14 ਅਕਤੂਬਰ ਨੂੰ ਗੁਰਦੁਆਰਾ ਸਾਂਝਾ ਸਾਹਿਬ ਵਿਖੇ ਦੁਪਹਿਰ 12 ਵਜੇ ਤੋਂ ਇੱਕ ਵਜੇ ਤੀਕ ਹੋਵੇਗੀ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 13 ਅਕਤੂਬਰ : ਪੰਜਾਬ ਖੇਤੀ ਯੂਨੀਵਰਸਿਟੀ ਸੰਚਾਰ ਕੇਂਦਰ ਦੇ ਸੇਵਾ ਮੁਕਤ ਸਹਾਇਕ ਲਾਇਬ੍ਰੇਰੀਅਨ ਸ. ਹਕੀਕਤ ਸਿੰਘ ਮਾਂਗਟ ਦਾ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਸਾਂਝਾ ਸਾਹਿਬ ਪਿੰਡ ਬਾੜੇਵਾਲ ਅਵਾਣਾ ਵਿਖੇ 14 ਅਕਤੂਬਰ ਦੁਪਹਿਰ 12 ਵਜੇ ਤੋਂ ਇੱਕ ਵਜੇ ਤੀਕ ਹੋਵੇਗੀ।

ਇਹ ਜਾਣਕਾਰੀ ਉਨ੍ਹਾਂ ਦੇ ਸਪੁੱਤਰ ਡਾ. ਅਜੈਪਾਲ ਸਿੰਘ ਮਾਂਗਟ (ਸੰਪਰਕ ਨੰਬਰ 98140 21310) ਨੇ ਦਿੱਤੀ ਹੈ। ਸ. ਹਕੀਕਤ ਸਿੰਘ ਮਾਂਗਟ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਥਾਪਨਾ ਵੇਲੇ ਤੋਂ ਹੀ ਉਹ ਯੂਨੀਵਰਸਿਟੀ ਸੇਵਾ ਵਿੱਚ ਆ ਗਏ ਸਨ। ਚੰਡੀਗੜ੍ਹ ਰੋਡ ਸਥਿਤ ਪਿੰਡ ਰਾਮਗੜ੍ਹ ਦੇ ਜੰਮਪਲ ਸ. ਹਕੀਕਤ ਸਿੰਘ ਮਾਂਗਟ ਪੰਜਾਬੀ ਸਾਹਿੱਤ ਅਕਾਡਮੀ ਦੇ ਵੀ ਸਰਪ੍ਰਸਤ ਸਨ।

" ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਅਕਤੂਬਰ ਮਹੀਨੇ ਦੀ ਅੰਤਰਰਾਸ਼ਟਰੀ ਕਾਵਿ ਮਿਲਣੀ ਬਹੁਤ ਸਫਲ ਅਤੇ ਪ੍ਰਭਾਵਸ਼ਾਲੀ ਹੋ ਨਿਬੜੀ "

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ

ਬਰੈਂਪਟਨ 13 ਅਕਤੂਬਰ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫ਼ਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਤੇ ਪ੍ਰਬੰਧਕੀ ਟੀਮ ਮੈਂਬਰਜ਼ ਵੱਲੋਂ 11 ਅਕਤੂਬਰ ਦਿਨ ਐਤਵਾਰ ਨੂੰ ਅੰਤਰਰਾਸ਼ਟਰੀ ਕਾਵਿ ਮਿਲਣੀ ਵੈਬੀਨਾਰ ਦਾ ਆਯੋਜਨ ਕੀਤਾ ਗਿਆ । ਇਸ ਕਾਵਿ ਮਿਲਣੀ ਦੇ ਹੋਸਟ ਸੰਸਥਾ ਦੇ ਪ੍ਰਧਾਨ ਰਿੰਟੂ ਭਾਟੀਆ ਜੀ ਸਨ , ਜਿਹਨਾਂ ਦੀ ਹੋਸਟਿੰਗ ਬਹੁਤ ਹੀ ਕਾਬਿਲੇ ਸੀ । ਰਮਿੰਦਰ ਰੰਮੀ ਨੇ ਹਾਜ਼ਰੀਨ ਮੈਂਬਰਜ਼ ਨੂੰ ਰਸਮੀ ਜੀ ਆਇਆਂ ਕਿਹਾ ਤੇ ।ਪ੍ਰੋਗਰਾਮ ਦੀ ਸ਼ੁਰੂਆਤ ਪ੍ਰਧਾਨ ਰਿੰਟੂ ਭਾਟੀਆ ਜੀ ਨੇ ਕੀਤੀ ਤੇ ਹਾਜ਼ਰੀਨ ਸੱਭ ਮੈਂਬਰਜ਼ ਨੂੰ ਰਸਮੀ ਜੀ ਆਇਆਂ ਕਹਿੰਦਿਆਂ ਹੋਇਆਂ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਹੋਣ ਵਾਲੇ ਸਾਰੇ ਪ੍ਰੋਗਰਾਮਾਂ ਤੋਂ ਜਾਣੂ ਕਰਾਇਆ । ਰਮਿੰਦਰ ਰੰਮੀ ਜੀ ਸੰਸਥਾਪਕ ਸਾਹਿਤਕ ਸਾਂਝਾਂ ਤੇ ਸਮੁੱਚੀ ਪ੍ਰਬੰਧਕੀ ਟੀਮ ਵੱਲੋਂ , ਕਾਵਿ ਮਿਲਣੀ ਦਾ 11 ਅਕਤੂਬਰ ਨੂੰ ਆਯੋਜਨ ਕੀਤਾ ਗਿਆ । ਮੰਚ ਦੇ ਸਰਪ੍ਰਸਤ ਉੱਘੀ ਸ਼ਾਇਰਾ ਸੁਰਜੀਤ ਜੀ ਨੇ ਆਪਣੀ ਨਜ਼ਮ " ਕਵਿਤਾ ਇੰਜ ਸੁਣੋ "

ਸੁਣਾ ਕੇ ਇਸ ਕਾਵਿ ਮਿਲਣੀ ਨੂੰ ਪੂਰੀ ਤਰਾਂ ਅੰਤਰਮਨ ਵਿਚ ਉੱਤਰਕੇ ਮਾਣਨ ਦਾ ਸੱਦਾ ਦਿੰਦਿਆਂ ਸਾਰਿਆਂ ਨੂੰ ਨਿੱਘੀ ਜੀ ਆਇਆਂ ਕਿਹਾ।

ਪ੍ਰੋਗਰਾਮ ਦਾ ਆਗਾਜ਼ ਕਰਦਿਆ ਰਿੰਟੂ ਭਾਟੀਆ ਜੀ ਨੇ ਸਭ ਤੋ ਪਹਿਲਾਂ ਜਗਤ ਪੰਜਾਬੀ ਸਭਾ ਦੇ ਚੇਅਰਮੈਨ ਸ੍ਰੀ ਅਜੈਬ ਸਿੰਘ ਚੱਠਾ ਨੂੰ ਬੋਲਣ ਦਾ ਸੱਦਾ ਦਿੱਤਾ ਅਤੇ ਉਹਨਾਂ ਤੋ ਬਾਅਦ ਸ੍ਰੀ ਸਰਦੂਲ ਸਿੰਘ ਥਿਹਾੜਾ ਜੀ ਨੇ ਰਮਿੰਦਰ ਵਾਲੀਆ ਜੀ ਦੇ ਕੰਮਾਂ ਦੀ ਸ਼ਲਾਘਾ ਕੀਤੀ । ਪ੍ਰੋਗਰਾਮ ਦੀ ਸ਼ੁਰੂਆਤ ਵਿਸ਼ੇਸ਼ ਮਹਿਮਾਨ ਸ੍ਰੀ ਅਜੀਮ ਕਾਜ਼ੀ ਜੀ ਨੇ ਆਪਣੀ ਗ਼ਜ਼ਲ ," ਦਿਲ ਦੇ ਆਸੇ ਪਾਸੇ" ਨਾਲ ਕਰਦਿਆਂ ਗ਼ਜ਼ਲਾਂ ਦੇ ਸ਼ੇਅਰ ਸੁਣਾਏ। ਰਵਿੰਦਰ ਭੱਟੀਵਾਲ ਜੀ ਨੇ ਦੋਹਾ ਕਤਰ ਤੋਂ ਹਾਜ਼ਰੀ ਲਵਾਉਂਦਿਆਂ ਆਪਣੀ ਗ਼ਜ਼ਲ , " ਕਿਰਦਾਰ" ਅਤੇ ਇੱਕ ਖੂਬਸੂਰਤ ਕਵਿਤਾ ਸਾਂਝੀ ਕੀਤੀ । ਹਰਦਰਸ਼ਨ ਸਿੰਘ ਕੰਵਲ ਜੀ ਨੇ ਆਪਣੀ ਨਜ਼ਮ,"ਤੂੰ ਐਵੇ ਮਨ ਹੌਲਾ ਨਾ ਕਰਿਆ ਕਰ" ਸੁਣਾਈ।

ਰਮਨ ਸਖੀ ਨੇ ਆਪਣੇ ਕਾਵਿ ਸੰਗ੍ਰਹਿ," ਮੈਂ ਸਫ਼ਰ ਤੇ ਹਾ" ਵਿੱਚੋਂ ਨਾਰੀ ਮਨ ਦੇ ਭਾਵਾਂ ਦੀ ਤਰਜਮਾਨੀ ਕਰਦੀ ਕਵਿਤਾ ਸਾਂਝੀ ਕੀਤੀ। ਪ੍ਰੋ. ਐਚ ਐਸ ਡਿੰਪਲ ਜੀ ਨੇ ," ਮੰਚ ਤੋਂ ਬਚਿਆ ਕਵੀ " ਅਤੇ " ਪਰੰਪਰਾ ਦੇ ਰੱਸੇ ਨਾਲ ਬੱਧਾ ਕਵੀ" ਨਵੀਂ ਸੋਚ ਦੀਆ ਨਜ਼ਮਾਂ ਸੁਣਾ ਕੇ , ਖੂਬਸੂਰਤ ਹਾਜ਼ਰੀ ਲਵਾਈ । ਵਰਿੰਦਰ ਪਾਂਸ਼ਟਾ ਜੀ ਨੇ ਲੋਕਧਾਰਾਈ ਪ੍ਰਤੀਕਾਂ ਨਾਲ ਸ਼ਿੰਗਾਰੀ ਰਚਨਾ," ਰੁੱਸੜੇ ਰੰਗ" ਅਤੇ ," ਉਡੀਕ ਦੀ ਚਿਖ਼ਾ" ਸਾਂਝੀ ਕੀਤੀ।

ਯੂ. ਕੇ. ਤੋ ਪੰਕਜ ਸ਼ਰਮਾ ਜੀ ਨੇ," ਔਰਤਾਂ" ਸੁਣਾਈ ਜੋ ਨਾਬਰੀ ਸਹਿ ਕਹੀਆਂ ਔਰਤਾਂ ਦੇ ਭਾਵਾ ਨੂੰ ਤਰਜਮਾਨੀ ਕਰਦੀ ਸੀ। ਰਿੰਟੂ ਭਾਟੀਆ ਜੀ ਨੇ" ਔਰਤ" ਬਾਰੇ ਸੁਰਜੀਤ ਜੀ ਦੀ ਲਿਖੀ ਕਵਿਤਾ ਸਾਂਝੀ ਕੀਤੀ।

ਪੰਜਾਬੀ ਲਿਖਾਰੀ ਸਭਾ ਸਿਆਟਲ ਦੀ ਸਰਪ੍ਰਸਤ ਮਨਜੀਤ ਗਿੱਲ ਜੀ ਨੇ ," ਚੱਕੀ" ਤੇ " ਚਰਖਾ" ਤਰੰਨਮ ਵਿੱਚ ਸੁਣਾਈਆਂ। ਪਰਮਵੀਰ ਕੌਰ ਰਿਆੜ ਜੀ ਨੇ ਆਪਣੀ ਕਵਿਤਾ ," ਸ਼ਬਦਾਂ ਦੀ ਇਬਾਦਤ" ਸਰੋਤਿਆਂ ਨਾਲ ਸਾਂਝੀ ਕਰਦਿਆਂ ਮਨੋਭਾਵ ਸਾਂਝੇ ਕੀਤੇ । ਮੁੱਖ ਮਹਿਮਾਨਾਂ ਵਿੱਚ ਸਭ ਤੋ ਪਹਿਲਾਂ ਲਿੱਲੀ ਸਵਰਨ ਜੀ ਨੇ ਆਪਣੀ ਰਚਨਾਵਾਂ ," ਰਾਜ਼ ਦੀਆ ਗੱਲਾਂ" ,ਤੇ " ਸ਼ਬਦ" ਖੂਬਸੂਰਤ ਅੰਦਾਜ਼ ਵਿੱਚ ਸੁਣਾਈ । ਮੁੱਖ ਮਹਿਮਾਨ ਡਾ. ਪਰੈਟੀ ਸੋਢੀ ਜੀ ਨੇ ਆਪਣੀ ਰਚਨਾ ," ਕਥਾ ਅਚੇਤਨ" ਸਾਂਝੀ ਕੀਤੀ ਜੋ ਸਵੈਹੋਂਦ ਤੇ ਸਵੈਮਾਣ ਭਰੀ ਖੁੱਦਦਾਰ ਜ਼ਿੰਦਗੀ ਜਿਊਣ ਦਾ ਸੁਨੇਹਾ ਦੇ ਗਈ। ਮੁੱਖ ਮਹਿਮਾਨ ਡਾ. ਸੰਦੀਪ ਕੌਰ ਜੀ ," ਖਤਾ" , " ਮੌਸਮ ਵਿੱਚ ਸਾਜ਼ਿਸ਼ ਹੈ ਕੋਈ" ਨਜ਼ਮਾਂ ਸਾਂਝੀਆਂ ਕੀਤੀਆ। ਗੁਰਚਰਨ ਸਿੰਘ ਜੋਗੀ ਜੀ ਨੇ ਖੂਬਸੂਰਤ ਸ਼ੇਅਰ ਸਰੋਤਿਆ ਨੂੰ ਸੁਣਾ ਕੇ ਹਾਜ਼ਰੀ ਲਵਾਈ ।

ਰਾਮਿੰਦਰ ਰੰਮੀ ਜੀ ਨੇ" ਸ਼ਬਦਾਂ ਦਾ ਸ਼ੋਰ" ਕਵਿਤਾ ਸੁਣਾਈ ।ਪ੍ਰੋ ਪਵਨ ਖਿੱਚੀ ਜੀ ਨੇ ," ਚਿਰਾਗ਼ਾਂ ਦਾ ਜਵਾਬ ਮੇਰੀ ਧੀ" ਖੂਬਸੂਰਤ ਕਵਿਤਾ ਸਾਂਝੀ ਕੀਤੀ । ਐਚ ਐਸ ਡਿੰਪਲ ਜੀ ਨੇ," ਮੈਂ ਉਹਨਾਂ ਕੁੜੀਆਂ ਚੋ ਹਾਂ" ਸਵੈਮਾਣ ਦਾ ਜੀਵਨ ਜਿਊਂਦੀਆਂ ਕੁੜੀਆਂ ਦੀ ਗੱਲ ਕੀਤੀ। ਚੇਅਰਮੈਨ ਸ . ਪਿਆਰਾ ਸਿੰਘ ਕੁੱਦੋਵਾਲ ਜੀ ਨੇ ਸਾਰੇ ਸ਼ਾਇਰਾਂ ਦਾ ਧੰਨਵਾਦ ਕਰਦਿਆਂ ਬਹੁਤ ਹਾਂ ਵਿਸ਼ਲੇਸ਼ਣਾਤਮਕ ਅੰਦਾਜ਼ ਵਿਚ ਸਮੁੱਚੀ ਪੇਸ਼ਕਾਰੀ ਦਾ ਸੰਖੇਪ ਸਾਰ ਕੀਤਾ ਤੇ ਭਾਗ ਲੈਣ ਵਾਲੀਆ ਸਾਰੀਆ ਸ਼ਖਸੀਅਤਾਂ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਉਹਨਾਂ ਨੇ ਹਮੇਸ਼ਾਂ ਵਾਂਗ ਆਪਣੇ ਵਿਲੱਖਣ ਅੰਦਾਜ਼ ਵਿੱਚ ਪ੍ਰੋਗਰਾਮ ਨੂੰ ਸਮਅੱਪ ਵੀ ਕੀਤਾ । ਉਹਨਾਂ ਅਨੁਸਾਰ ਕਾਵਿ ਮਿਲਣੀ ਵਿੱਚ ਇਤਿਹਾਸ, ਮਿਥਿਹਾਸ ਤੇ ਨਵੀਨ ਲਗਪਗ ਸਾਰੇ ਰੰਗ ਦੇਖਣ ਨੂੰ ਮਿਲੇ। ਪ੍ਰੋਗਰਾਮ ਦੇ ਸੁਚੱਜੇ ਸੰਚਾਲਨ ਲਈ ਰਿੰਟੂ ਭਾਟੀਆ ਜੀ ਦਾ ਸ਼ੁਕਰਾਨਾ ਕੀਤਾ ।ਪ੍ਰੋਗਰਾਮ ਦੀ ਆਯੋਜਿਕਾ ਰਮਿੰਦਰ ਰੰਮੀ ਅਤੇਪ੍ਰਬੰਧਕੀ ਟੀਮ ਮੈਂਬਰਾਂ ਦਾ ਜ਼ਿਕਰ ਕੀਤਾ ਜੋ ਪ੍ਰੋਗਰਾਮ ਦੀ ਸਫਲਤਾ ਲਈ ਸਹਿਯੋਗ ਦਿੰਦੇ ਹਨ। ਉਹਨਾਂ ਨੇ ਆਪਣੀ ਰਚਨਾ ," ਦਿਲ ਤੇ ਰੋਜ਼ ਗੁਜ਼ਰਦੀ ਰਹਿੰਦੀ ਹੈ" ਸਾਂਝੀ ਕੀਤੀ ਜੋ ਸੰਵੇਦਨਸ਼ੀਲ ਰੂਹ ਦੇ ਮਨੋਭਾਵਾਂ ਦਾ ਚਿਤਰਨ ਸੀ । ਸਮੁੱਚੇ ਰੂਪ ਵਿਚ ਇਹ ਕਾਵਿ ਮਿਲਣੀ ਬਹੁਤ ਸਫ਼ਲ ਅਤੇ ਪ੍ਰਭਾਵਸ਼ਾਲੀ ਹੋ ਨਿੱਬੜੀ । ਇਸ ਕਾਵਿ ਮਿਲਣੀ ਵਿੱਚ ਡਾ . ਅਮਰ ਜੋਤੀ ਮਾਂਗਟ , ਹਰਭਜਨ ਕੌਰ ਗਿੱਲ , ਪਰਮਜੀਤ ਦਿਓਲ , ਡਾ . ਸਤਿੰਦਰ ਕੌਰ ਕਾਹਲੋਂ , ਅੰਮ੍ਰਿਤਾ ਦਰਸ਼ਨ ਤੇ ਦੇਸ਼ ਵਿਦੇਸ਼ ਤੋਂ ਬਹੁਤ ਨਾਮਵਰ ਕਵੀਆਂ ਅਤੇ ਸਾਹਿਤਕਾਰਾਂ ਨੇ ਸ਼ਿਰਕਤ ਕੀਤੀ । ਇਹ ਰਿਪੋਰਟ ਡਾ.ਪੁਸ਼ਵਿੰਦਰ ਕੌਰ ਜੀ ਨੇ ਰਮਿੰਦਰ ਵਾਲੀਆ ਜੀ ਨੂੰ ਸਾਂਝੀ ਕੀਤੀ ।ਧੰਨਵਾਦ ਸਹਿਤ ।

ਆਕਸਫੋਰਡ ਸਕੂਲ ਵਿਖੇ ਅਧਿਆਪਕਾਂ ਲਈ 'ਪ੍ਰਮੋਟਿੰਗ ਮੈਂਟਲ ਹੈਲਥ ਅਤੇ ਵੈਲਨੈੱਸ ਅਮੰਗ ਸਟੂਡੈਂਟਸ' ਵਿਸ਼ੇ 'ਤੇ ਸੈਮੀਨਾਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਫਰੀਦਕੋਟ, 13 ਅਕਤੂਬਰ : 'ਦ ਆਕਸਫ਼ੋਰਡ ਸਕੂਲ ਆਫ਼ ਐਜੂਕੇਸ਼ਨ' ਭਗਤਾ ਭਾਈਕਾ, ਇੱਕ ਅਜਿਹੀ ਮਾਣਮੱਤੀ ਵਿੱਦਿਅਕ ਸੰਸਥਾ ਹੈ, ਜਿਸ ਵਿੱਚ ਸਮੇਂ-ਸਮੇਂ 'ਤੇ ਵੱਖ-ਵੱਖ ਸਿਖਲਾਈ ਸੈਮੀਨਾਰ ਲਾਏ ਜਾਂਦੇ ਹਨ। ਇਹ ਸੈਮੀਨਾਰ ਵਿਦਿਆਰਥੀਆਂ ਲਈ ਵੀ ਅਤੇ ਅਧਿਆਪਕਾਂ ਲਈ ਵੀ ਮਹੱਈਆ ਕਰਵਾਏ ਜਾਂਦੇ ਹਨ। ਬੀਤੇ ਦਿਨੀਂ ਇਸ ਸੰਸਥਾ ਵਿੱਚ ਸੀ.ਬੀ.ਐਸ.ਈ. ਵੱਲੋਂ ਆਯੋਜਿਤ ਅਧਿਆਪਕਾਂ ਲਈ ਇੱਕ ਮੌਟੀਵੇਸ਼ਨਲ ਸੈਮੀਨਾਰ ਲਵਾਇਆ ਗਿਆ। ਇਸ ਸੈਮੀਨਾਰ ਦੇ ਮੁੱਖ ਸਰੋਤ ਸ੍ਰੀਮਤੀ ਸੀਮਾ ਅਤੇ ਡਾ. ਸੰਜੇ ਚੁੱਘ ਸਨ। ਡਾ. ਸੰਜੇ ਚੁੱਘ ਨੇ ਮੈਂਟਲ ਹੈਲਥ ਵਿਸ਼ੇ ਉੱਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਬੱਚੇ ਬਹੁਤ ਹੀ ਨਾਜ਼ੁਕ ਅਤੇ ਦਿਮਾਗੀ ਤੌਰ 'ਤੇ ਕੋਮਲ ਹੁੰਦੇ ਹਨ, ਜੋ ਕਿ ਕਿਤੇ

ਨਾ ਕਿਤੇ ਹੀਣ-ਭਾਵਨਾ, ਡਿਪਰੈਸ਼ਨ ਦੇ ਸ਼ਿਕਾਰ ਹੋ ਜਾਂਦੇ ਹਨ। ਜਿਸ ਕਰਕੇ ਅਜਿਹੇ ਬੱਚਿਆਂ ਦੀ ਦਿਮਾਗੀ ਅਰੋਗਤਾ ਨੂੰ ਕਾਇਮ ਕਰਨ ਲਈ ਉਨ੍ਹਾਂ ਵਿੱਚੋਂ ਹੀਣ ਭਾਵਨਾ ਅਤੇ ਡਿਪਰੈਸ਼ਨ ਦੇ ਕਾਰਨ ਲੱਭਣੇ ਪੈਣਗੇ ਅਤੇ ਫਿਰ ਉਸ ਨੂੰ ਪ੍ਰੇਰਿਤ ਕਰਦੇ ਹੋਏ ਆਮ ਸਥਿੱਤੀ ਵੱਲ ਲਿਜਾਇਆ ਜਾ ਸਕਦਾ ਹੈ। ਸ੍ਰੀਮਤੀ ਸੀਮਾ ਜੀ ਨੇ ਵਿਦਿਆਰਥੀਆਂ ਦੇ ਝੁਕਾਅ, ਦੋਸਤੀ ਦਾ ਦਾਇਰਾ, ਅਕਾਦਮਿਕ ਰਿਪੋਰਟ, ਸਰੀਰਕ ਅਯੋਗਤਾ, ਗੈਰ-ਹਾਜ਼ਰੀ ਅਤੇ ਕਈ ਵਾਰ ਅਧਿਆਪਕ ਦੀ ਨਜ਼ਰ ਵਿੱਚ ਨਾਂਹ-ਪੱਖੀ ਵਿਵਹਾਰ ਨੂੰ ਮੁੱਦਾ ਬਣਾਉਂਦਿਆਂ ਕਿਹਾ ਕਿ ਉੱਪਰ ਦਿੱਤੇ ਕਾਰਨਾਂ ਕਾਰਨ ਵਿਦਿਆਰਥੀ ਆਪਣੇ-ਆਪ ਨੂੰ ਇੱਕਲਾ ਮਹਿਸੂਸ ਕਰਦਾ ਹੈ ਅਤੇ ਇਕਾਂਤ ਵਿੱਚ ਹੀ ਰਹਿਣਾ ਪਸੰਦ ਕਰਦਾ ਹੈ। ਇਸ ਲਈ ਵਿਦਿਆਰਥੀਆਂ ਦਾ ਭਰੋਸਾ ਜਿੱਤ ਕੇ ਅਤੇ ਉਸ ਨਾਲ ਆਪਣਾਪਨ ਦਿਖਾਉਣਾ ਜ਼ਰੂਰੀ ਹੁੰਦਾ ਹੈ। ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਅਧਿਆਪਕਾਂ ਨੂੰ ਸੰਬੋਧਨ ਹੁੰਦੇ ਹੋਏ ਕਿਹਾ ਕਿ ਸਾਨੂੰ ਵਿਦਿਆਰਥੀਆਂ ਦੇ ਭਾਵਾਂ, ਜਜਬਾਤਾਂ ਅਤੇ ਸਮੱਸਿਆਵਾਂ ਨੂੰ ਸਮਝਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀ ਬਿਲਕੁਲ ਸਾਂਤ ਮਨ ਨਾਲ ਪੜ੍ਹਾਈ ਕਰ ਸਕਣ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਨਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਕੋਆਰਡੀਨੇਟਰਜ਼ ਅਤੇ ਸਮੂਹ ਸਟਾਫ਼ ਮੈਂਬਰ ਵੀ ਮੌਜੂਦ ਸਨ।

ਗ਼ਜ਼ਲ

ਕਿਸੇ ਕਿਤਾਬ ਪੜ੍ਹਾਇਆ ਹੀ ਨਾ,
ਆਪਣੀ ਚੁੱਪ ਤੋਂ ਕਿੱਸਰਾਂ ਡਰਨਾ।
ਇੱਕ ਪਲ ਅੰਦਰ ਕਿੰਨੀ
ਵਾਰੀ ਏਸੇ ਕਰਕੇ ਪੈਂਦਾ ਮਰਨਾ।

ਬਹੁਤ ਭੁਲੇਖਾ ਚੁੱਕਿਆ ਆਪਾਂ,
ਉਮਰ ਗੁਜ਼ਾਰੀ ਭਾਰ ਢੋਂਦਿਆਂ,
ਸਿੱਖਿਆ ਹੀ ਨਾ ਬੰਦੇ ਬਣ ਕੇ,
ਸਾਬਰ ਵਾਂਗ ਸਿਤਮ ਨੂੰ ਜਰਨਾ।

ਪਤਾ ਨਹੀਂ ਜੀ ਕੁਰਜੀ ਅੰਦਰ
ਮਿਸਤਰੀਆਂ ਨੇ ਕੀ ਜੜਿਆ ਹੈ,
ਸਭ ਨੂੰ ਬਹਿੰਦੇ ਸਾਰ ਸਿਖਾਉਂਦੀ
ਕਿਸ ਪੈਲ਼ੀ 'ਚੋਂ ਕੀ ਹੈ ਚਰਨਾ।

ਸ਼ਹਿਰ ਬੇਗਾਨੇ ਰਾਤ ਪਿਆਂ ਤੇ
ਬੰਦ ਬੂਹਿਆਂ ਦੇ ਕੋਲ਼ੋਂ ਲੰਘਦੇ,
ਸਬਕ ਲਿਆ ਹੈ ਬਿਰਖਾਂ ਕੋਲੋਂ,
ਸਾਏ ਦਾ ਵਿਸ਼ਵਾਸ ਨਾ ਕਰਨਾ।

ਉਹ ਸਭ ਸਬਕ ਵਿਸਾਰ ਲਏ ਨੇ,
ਗੁਰ-ਪੀਰਾਂ ਜੋ ਲਿਖੇ ਲਿਖਾਏ,
ਸੀਸ ਤਲ਼ੀ ਧਰ,ਯਾਰ ਗਲ਼ੀ ਕਿੰਜ,
ਦੀਨ ਦੁਖੀ ਦੀ ਹਾਮੀ ਭਰਨਾ।

ਇਹ ਤੌਫ਼ੀਕ "ਸ਼ਬਦ" ਨੇ ਦਿੱਤੀ,
ਇਸ ਧਰਤੀ ਦੀ ਕੁੱਲ ਕਵਿਤਾ ਨੂੰ,
ਬਿਨ ਖੰਭਾਂ ਤੋਂ ਕਿੱਦਾਂ ਉੱਡਣਾ,
ਬਿਨ ਪਾਣੀ ਤੋਂ ਕਿੱਦਾਂ ਤਰਨਾ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਜਾਬਰ ਅੱਗੇ ਚੁੱਪ ਰਹਿਣਾ ਤੇ
ਘੁਰਕੀਆਂ ਦੇ ਲਿੱਸਿਆਂ ਨੂੰ ਪੈਣਾ,
ਪੜ੍ਹ ਲੈ ਤੂੰ ਕੰਧ ਉੱਤੇ ਲਿਖਿਆ,
ਹੁਣ ਏਦਾਂ ਬਿਲਕੁਲ ਨਹੀਂ ਸਰਨਾ।

ਮਕਬਰਾ ਗ੍ਰਾਊਂਡ, ਰੋਪੜ ਵਿਖੇ ਰਾਮਲੀਲਾ ਦਾ ਸ਼ਾਨਦਾਰ ਮੰਚਨ ਜਾਰੀ

ਦੂਜੇ ਦਿਨ ਵੇਦਵਤੀ ਪ੍ਰਸੰਗ, ਰਾਵਣ ਅੱਤਿਆਚਾਰ ਅਤੇ ਸ੍ਰੀ ਰਾਮ/ਮਾਤਾ ਸੀਤਾ ਦੇ ਜਨਮ ਦਾ ਹੋਇਆ ਮਨਮੋਹਕ ਮੰਚਨ

ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ

ਰੋਪੜ, 13 ਅਕਤੂਬਰ : ਸ੍ਰੀ ਹਨੂੰਮਾਨ ਮੰਦਰ, ਮਹਾਵੀਰ ਦਲ ਰੋਪੜ ਵੱਲੋਂ ਮਕਬਰਾ ਗ੍ਰਾਊਂਡ ਵਿਖੇ ਸਾਲਾਨਾ ਰਾਮਲੀਲਾ ਦੇ ਦੂਜੇ ਦਿਨ ਧਾਰਮਿਕ ਅਤੇ ਸੱਭਿਆਚਾਰਕ ਦ੍ਰਿਸ਼ਾਂ ਦੀ ਸੁੰਦਰ ਪੇਸ਼ਕਾਰੀ ਕੀਤੀ ਗਈ। ਜਿੱਥੇ ਕਲਾਕਾਰਾਂ ਨੇ ਆਪਣੀ ਬਿਹਤਰੀਨ ਅਦਾਕਾਰੀ ਨਾਲ਼ ਰਾਮਾਇਣ ਕਾਲ ਦੇ ਮਹੱਤਵਪੂਰਨ ਪ੍ਰਸੰਗਾਂ ਨੂੰ ਜੀਵਤ ਕਰ ਦਿੱਤਾ। ਮੰਚਨ ਦੇ ਦੂਜੇ ਦਿਨ ਮਹੇਸ਼ ਸਿੰਗਲਾ, ਸੁਖਵਿੰਦਰ ਸਿੰਘ ਪਟਵਾਰੀ, ਡਾ. ਅਨੁਪਮ ਸ਼ਰਮਾ ਅਤੇ ਮੋਹਿਤ ਗੁਪਤਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਜਿੰਨ੍ਹਾ ਦਾ ਰਾਮਲੀਲਾ ਕਮੇਟੀ ਅਤੇ ਮਹਾਵੀਰ ਦਲ ਦੇ ਅਹੁਦੇਦਾਰਾਂ ਵੱਲੋਂ ਨਿੱਘਾ ਸਵਾਗਤ ਤੇ ਸਨਮਾਨ ਕੀਤਾ ਗਿਆ। ਉਨ੍ਹਾਂ ਸਭਨਾਂ ਨੇ ਸਮੁੱਚੇ ਪ੍ਰਬੰਧ ਦੀ ਭਰਭੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਸਮਾਜ ਵਿੱਚ ਆਪਸੀ ਭਾਈਚਾਰੇ, ਧਾਰਮਿਕ ਸਦਭਾਵਨਾ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਸਮੂਹ ਸ਼ਹਿਰ ਵਾਸੀਆਂ ਨੂੰ ਭਗਵਾਨ ਸ੍ਰੀ ਰਾਮ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਸੰਦੇਸ਼ ਦਿੱਤਾ।

ਸ਼ੁਰੂਆਤ ਵਿੱਚ ਵੇਦਵਤੀ ਪ੍ਰਸੰਗ ਤੇ ਦਸ਼ਾਨਨ ਰਾਵਣ ਦੇ ਅੱਤਿਆਚਾਰਾਂ ਦੇ ਮੰਚਨ 'ਚ ਦਰਸਾਇਆ ਗਿਆ ਕਿ ਕਿਸ ਤਰ੍ਹਾਂ ਰਾਵਣ ਦੇ ਅਨਿਆਂ ਨਾਲ਼ ਧਰਤੀ 'ਤੇ ਧਰਮ ਦੀ ਹਾਨੀ ਹੋਣ ਲੱਗੀ ਸੀ। ਉਪਰੰਤ ਅੱਤਿਆਚਾਰੀ ਅਸੁਰਾਂ ਦੇ ਸੰਹਾਰ ਅਤੇ ਧਰਮ ਦੀ ਸਥਾਪਨਾ ਲਈ ਮਰਿਆਦਾ ਪੁਰਸ਼ੋਤਮ ਭਗਵਾਨ ਸ੍ਰੀ ਰਾਮ ਜੀ ਦੇ ਦਿਵਯ ਅਵਤਾਰ (ਰਾਮ ਜਨਮ) ਅਤੇ ਜਗਤ ਜਨਨੀ ਮਾਤਾ ਸੀਤਾ ਜੀ ਦੇ ਪ੍ਰਗਟ ਹੋਣ (ਸੀਤਾ ਜਨਮ) ਦੇ ਦ੍ਰਿਸ਼ਾਂ ਦਾ ਬਹੁਤ ਹੀ ਭਾਵੁਕ ਅਤੇ ਸ਼ਾਨਦਾਰ ਮੰਚਨ ਕੀਤਾ ਗਿਆ। ਜਿਵੇਂ ਹੀ ਮੰਚ 'ਤੇ ਬਾਲ ਰੂਪ ਸ੍ਰੀ ਰਾਮ ਅਤੇ ਮਾਤਾ ਸੀਤਾ ਦਾ ਆਗਮਨ ਹੋਇਆ ਤਾਂ ਪੂਰਾ ਪੰਡਾਲ ਸ਼ਰਧਾਲੂਆਂ ਦੇ ਜੈਕਾਰਿਆਂ ਨਾਲ਼ ਗੂੰਜ ਉੱਠਿਆ।

ਰਾਮਲੀਲਾ ਕਮੇਟੀ ਪ੍ਰਧਾਨ ਯੋਗੇਸ਼ ਗੁਪਤਾ ਅਤੇ ਮਹਾਵੀਰ ਦਲ ਪ੍ਰਧਾਨ ਕਪਿਲ ਦੇਵ ਸ਼ਰਮਾ ਨੇ ਸਾਰੇ ਮਹਿਮਾਨਾਂ ਅਤੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ। ਸ. ਸ਼ਰਮਾ ਨੇ ਉਚੇਚੇ ਤੌਰ 'ਤੇ ਕਿਹਾ ਕਿ ਰਾਮਲੀਲਾ ਕੇਵਲ ਮਨੋਰੰਜਨ ਦਾ ਸਾਧਨ ਨਹੀਂ ਬਲਕਿ ਸਾਡੇ ਧਾਰਮਿਕ ਮੂਲਾਂ ਅਤੇ ਸੰਸਕਾਰਾਂ ਦਾ ਪ੍ਰਤੀਕ ਹੈ। ਸੋ ਸਭਨਾਂ ਨੂੰ ਸਪਰਿਵਾਰ ਰਾਮਲੀਲਾ ਦੇਖਣ ਜ਼ਰੂਰ ਪਹੁੰਚਣਾ ਚਾਹੀਦਾ ਹੈ। ਦੂਜੇ ਦਿਨ ਦੇ ਇਸ ਸ਼ਾਨਦਾਰ ਮੰਚਨ ਤੋਂ ਬਾਅਦ ਪ੍ਰਬੰਧਕਾਂ ਅਤੇ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ।

ਵਿਧਾਇਕ ਕੋਹਲੀ ਤੇ ਮੇਅਰ ਨੇ 50 ਲੱਖ ਰੁਪਏ ਦੀ ਲਾਗਤ ਨਾਲ ਸੜਕ ਦਾ ਕੀਤਾ ਉਦਘਾਟਨ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 13 ਅਕਤੂਬਰ : ਪਟਿਆਲਾ ਦੇ ਢਿਲੋਂ ਕਲੋਨੀ ਸਥਿਤ ਸੜਕ ਦਾ ਅੱਜ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਅਤੇ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਨੇ ਉਦਘਾਟਨ ਕੀਤਾ ਇਸ ਸੜਕ ਦੀ ਲਾਗਤ 50 ਲੱਖ ਰੁਪਏ ਆਵੇਗੀ ਇਸ ਤੋਂ ਪਹਿਲਾਂ ਵੀ ਪਟਿਆਲਾ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਚ ਸੜਕਾਂ ਬਣਾਈਆਂ ਗਈਆਂ ਹਨ। ਵਿਧਾਇਕ ਅਜੀਤਪਾਲ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੀਆਂ ਹਦਾਇਤਾਂ ਮੁਤਾਬਿਕ ਲੋਕਾਂ ਦੀ ਸੁਵਿਧਾ ਲਈ ਇਹ ਸੜਕਾਂ ਦਾ ਕੰਮ ਤੇਜ਼ੀ ਨਾਲ ਪਿਛਲੇ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਇਸ ਲਈ ਪਟਿਆਲਾ ਸ਼ਹਿਰ ਵਿੱਚ ਜਿਹੜੀਆਂ ਸੜਕਾਂ ਕਾਫੀ ਦੇਰ ਤੋਂ ਨਹੀਂ ਬਣੀਆਂ ਸਨ ਉਹ ਸੜਕਾਂ ਨੂੰ ਵੀ ਨਵੀਆਂ ਬਣਾ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਵਿਕਾਸ ਕਾਰਜ ਕਰਵਾ ਰਹੀ ਹੈ।

ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬਿਹਤਰ ਸੜਕਾਂ, ਸੀਵਰੇਜ, ਪੀਣ ਵਾਲੇ ਪਾਣੀ ਅਤੇ ਹੋਰ ਜ਼ਰੂਰੀ ਸਹੂਲਤਾਂ ਮੁਹੱਈਆ ਕਰਵਾਉਣਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਵਿਧਾਇਕ ਨੇ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਇਲਾਕਾ ਨਿਵਾਸੀਆਂ ਨੂੰ ਆਵਾਜਾਈ ਵਿੱਚ ਵੱਡੀ ਰਾਹਤ ਮਿਲੇਗੀ ਅਤੇ ਖੇਤਰ ਦੀ ਦਿੱਖ ਵੀ ਹੋਰ ਸੁੰਦਰ ਬਣੇਗੀ। ਅਜੀਤ ਪਾਲ ਕੋਹਲੀ ਨੇ ਕਿਹਾ ਜੀ ਇਹ ਪਟਿਆਲਾ ਸ਼ਹਿਰ ਦੇ ਕਈ ਇਲਾਕਿਆਂ ਨੂੰ ਜੋੜਨ ਵਾਲੀ ਮੁੱਖ ਸੜਕ ਹੈ ਇੱਥੋਂ ਤੱਕ ਕਿ ਆਸ ਪਾਸ ਦੇ ਦਕਾਲਾ ਰੋਡ ਸਥਿਤ ਪਿੰਡਾਂ ਤੱਕ ਵੀ ਇਹ ਸੜਕ ਜੋੜਦੀ ਹੈ ਇਥੋਂ ਹਰ ਰੋਜ ਲੱਖਾਂ ਲੋਕ ਆਵਾਜਾਈ ਕਰਦੇ ਹਨ ਇਸ ਲਈ ਲੋਕਾਂ ਦੀਆਂ ਦਿੱਕਤਾਂ ਮੁੱਖ ਰੱਖਦੇ ਹੋਏ ਅਜਿਹੀਆਂ ਸੜਕਾਂ ਪੈਲ ਦੇ ਅਧਾਰ ਤੇ ਬਣਾਈਆਂ ਜਾ ਰਹੀਆਂ।

ਮਨ ਬਉਰਾ

ਪੁਸਤਕ: ਮਨ ਬਉਰਾ
ਲੇਖਕਾ: ਬਿੰਦੂ ਦਲਵੀਰ ਕੌਰ
ਰੀਵਿਉਕਾਰ: ਡਾ.ਅਮਰਜੀਤ ਕੌਂਕੇ (98142 31698)



ਬਿੰਦੂ ਦਲਵੀਰ ਕੌਰ ਕਨੇਡਾ ਵਿੱਚ ਰਹਿੰਦੀ ਪੰਜਾਬੀ ਸ਼ਾਇਰਾ ਹੈ। ਉਨ੍ਹਾਂ ਦੀ ਨਵੀਂ ਗ਼ਜ਼ਲ-ਪੁਸਤਕ 'ਮਨ ਬਉਰਾ' ਦੇ ਪੜ੍ਹਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਇਹ ਪੁਸਤਕ ਸਿਰਫ਼ ਨਿੱਜੀ ਭਾਵਨਾਵਾਂ ਦੇ ਪ੍ਰਗਟਾਵੇ ਦੀ ਮਾਧਿਅਮ ਨਹੀਂ, ਸਗੋਂ ਇਹ ਮਨੁੱਖੀ ਹੋਂਦ, ਜੀਵਨ-ਸੰਘਰਸ਼, ਸਮੇਂ, ਸੱਚ, ਰਿਸ਼ਤਿਆਂ, ਆਤਮ-ਵਿਸ਼ਵਾਸ, ਅਮਨ ਅਤੇ ਰੂਹਾਨੀ ਅਨੁਭਵਾਂ ਨੂੰ ਆਪਣੀ ਕਾਵਿ-ਚੇਤਨਾ ਵਿੱਚ ਸਮੇਟ ਕੇ ਅਭਿਵਿਅਕਤ ਕਰਨ ਵਾਲੀ ਰਚਨਾ ਹੈ। ਸ਼ਾਇਰਾ ਦੀ ਗ਼ਜ਼ਲ ਦਾ ਸੰਸਾਰ ਬਾਹਰੀ ਜੀਵਨ ਅਤੇ ਅੰਦਰਲੇ ਮਨ ਦੇ ਵਿਚਕਾਰ ਲਗਾਤਾਰ ਚੱਲ ਰਹੇ ਸੰਵਾਦ ਵਿੱਚੋਂ ਉਪਜਦਾ ਹੈ। 'ਮਨ ਬਉਰਾ' ਨਾਮ ਵੀ ਇਸੇ ਅੰਦਰੂਨੀ ਬੇਚੈਨੀ, ਖੋਜ ਅਤੇ ਸੰਵੇਦਨਸ਼ੀਲਤਾ ਵੱਲ ਸੰਕੇਤ ਕਰਦਾ ਹੈ।

ਬਿੰਦੂ ਦਲਵੀਰ ਕੌਰ ਦੀਆਂ ਗ਼ਜ਼ਲਾਂ ਵਿੱਚ ਸਭ ਤੋਂ ਪਹਿਲਾਂ ਜੋ ਗੱਲ ਧਿਆਨ ਖਿੱਚਦੀ ਹੈ, ਉਹ ਹੈ ਜੀਵਨ ਨੂੰ ਸਿਰਫ਼ ਬਾਹਰੀ ਘਟਨਾਵਾਂ ਦੇ ਰੂਪ ਵਿੱਚ ਨਾ ਦੇਖ ਕੇ ਉਸ ਦੇ ਅੰਦਰਲੇ ਅਰਥਾਂ ਨੂੰ ਖੋਜਣ ਦੀ ਕੋਸ਼ਿਸ਼। ਸ਼ਾਇਰਾ ਵਾਰ-ਵਾਰ ਮਨੁੱਖ ਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਪ੍ਰੇਰਿਤ ਕਰਦੀ ਹੈ। ਉਸ ਲਈ ਜੀਵਨ ਦਾ ਅਸਲ ਅਰਥ ਬਾਹਰਲੀਆਂ ਪ੍ਰਾਪਤੀਆਂ ਨਾਲੋਂ ਆਪਣੇ ਆਪ ਨੂੰ ਸਮਝਣ, ਆਪਣੀ ਹੋਂਦ ਨੂੰ ਪਛਾਣਨ ਅਤੇ ਆਪਣੇ ਅੰਦਰ ਦੀ ਰੌਸ਼ਨੀ ਨੂੰ ਜਗਾਉਣ ਵਿੱਚ ਹੈ। ਇਸੇ ਕਰਕੇ ਉਸ ਦੀ ਕਵਿਤਾ ਵਿੱਚ 'ਆਪਣੇ ਆਪ 'ਤੇ ਵਿਸ਼ਵਾਸ' ਦਾ ਵਿਚਾਰ ਮਹੱਤਵਪੂਰਨ ਬਣ ਜਾਂਦਾ ਹੈ। ਇਹ ਵਿਸ਼ਵਾਸ ਸਿਰਫ਼ ਨਿੱਜੀ ਹੌਂਸਲੇ ਦਾ ਨਾਮ ਨਹੀਂ, ਸਗੋਂ ਜੀਵਨ ਦੀਆਂ ਔਖੀਆਂ ਸਥਿਤੀਆਂ ਨਾਲ ਟੱਕਰ ਲੈਣ ਦੀ ਅੰਦਰੂਨੀ ਤਾਕਤ ਹੈ।

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ

ਆਪਣੀ ਇੱਕ ਗ਼ਜ਼ਲ ਵਿੱਚ ਸ਼ਾਇਰਾ ਲਿਖਦੀ ਹੈ ਕਿ ਆਪਣੇ ਆਪ ਨੂੰ ਅਨਮੋਲ ਸਮਝਦਿਆਂ ਆਪਣੇ ਉੱਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ। ਇਸੇ ਗ਼ਜ਼ਲ ਵਿੱਚ ਉਹ ਸਮੇਂ ਦੀ ਰਾਗਨੀ ਨੂੰ ਨਮਨ ਕਰਨ, ਅਮਨ ਅਤੇ ਸ਼ਾਂਤੀ ਲਈ ਅਰਦਾਸ ਕਰਨ ਅਤੇ ਮਨੁੱਖੀ ਜੀਵਨ ਵਿੱਚ ਸੰਵੇਦਨਸ਼ੀਲਤਾ ਨੂੰ ਬਚਾਈ ਰੱਖਣ ਦੀ ਗੱਲ ਕਰਦੀ ਹੈ। ਇੱਥੇ ਗ਼ਜ਼ਲ ਦਾ ਸੁਰ ਨਿੱਜੀ ਤੋਂ ਸਮਾਜਿਕ ਹੋ ਜਾਂਦਾ ਹੈ। ਸ਼ਾਇਰਾ ਦੀ ਚਿੰਤਾ ਸਿਰਫ਼ 'ਮੈਂ' ਤੱਕ ਸੀਮਤ ਨਹੀਂ ਰਹਿੰਦੀ, ਸਗੋਂ 'ਅਸੀਂ' ਤੱਕ ਫੈਲ ਜਾਂਦੀ ਹੈ। ਅੱਜ ਦੀ ਬਦਲ ਰਹੀ ਦੁਨੀਆ ਵਿੱਚ ਸੰਵੇਦਨਸ਼ੀਲ ਮਨੁੱਖੀ ਕਿਰਦਾਰ ਦੀ ਲੋੜ ਨੂੰ ਉਹ ਆਪਣੀ ਕਾਵਿ-ਦ੍ਰਿਸ਼ਟੀ ਦਾ ਹਿੱਸਾ ਬਣਾਉਂਦੀ ਹੈ। ਇਸ ਲਈ ਉਸ ਕੋਲ ਕਵਿਤਾ ਕੇਵਲ ਮਨੋਰੰਜਨ ਜਾਂ ਭਾਵਨਾਤਮਕ ਉਚੇਚ ਨਹੀਂ, ਬਲਕਿ ਮਨੁੱਖ ਨੂੰ ਆਪਣੇ ਅੰਦਰੋਂ ਬਿਹਤਰ ਬਣਾਉਣ ਦੀ ਇੱਕ ਕੋਸ਼ਿਸ਼ ਵੀ ਹੈ।

'ਮਨ ਬਉਰਾ' ਦੀਆਂ ਗ਼ਜ਼ਲਾਂ ਵਿੱਚ ਜੀਵਨ ਦੇ ਸੱਚ ਦਾ ਪ੍ਰਸੰਗ ਵੀ ਵਾਰ-ਵਾਰ ਉੱਭਰਦਾ ਹੈ। ਸ਼ਾਇਰਾ ਲਈ ਸੱਚ ਕੋਈ ਅਮੂਰਤ ਨੈਤਿਕ ਉਪਦੇਸ਼ ਨਹੀਂ, ਬਲਕਿ ਜੀਵਨ ਜੀਊਣ ਦੀ ਇੱਕ ਜ਼ਿੰਮੇਵਾਰੀ ਹੈ। ਉਹ ਸੱਚ ਦੇ ਰਾਹ 'ਤੇ ਤੁਰਨ ਦੀ ਗੱਲ ਕਰਦੀ ਹੈ ਅਤੇ ਇਹ ਵਿਸ਼ਵਾਸ ਪ੍ਰਗਟ ਕਰਦੀ ਹੈ ਕਿ ਸੱਚ ਦਾ ਰਸਤਾ ਭਾਵੇਂ ਔਖਾ ਹੋਵੇ, ਪਰ ਉਸ ਦੀ ਆਪਣੀ ਕੀਮਤ ਹੁੰਦੀ ਹੈ। ਇਸੇ ਤਰ੍ਹਾਂ ਉਸ ਦੀਆਂ ਗ਼ਜ਼ਲਾਂ ਵਿੱਚ ਹੌਂਸਲਾ, ਸੰਘਰਸ਼ ਅਤੇ ਅੰਦਰੂਨੀ ਤਾਕਤ ਦੇ ਸੁਰ ਵੀ ਸੁਣਾਈ ਦਿੰਦੇ ਹਨ। ਜੀਵਨ ਨੂੰ ਉਹ ਇੱਕ ਅਜਿਹੇ ਸਫ਼ਰ ਵਜੋਂ ਵੇਖਦੀ ਹੈ ਜਿਸ ਵਿੱਚ ਮਨੁੱਖ ਨੂੰ ਵਾਰ-ਵਾਰ ਆਪਣੇ ਅੰਦਰੋਂ ਤਾਕਤ ਇਕੱਠੀ ਕਰਨੀ ਪੈਂਦੀ ਹੈ।

ਸਮੇਂ ਦੀ ਚੇਤਨਾ ਵੀ ਇਨ੍ਹਾਂ ਗ਼ਜ਼ਲਾਂ ਦਾ ਇੱਕ ਮਹੱਤਵਪੂਰਨ ਪੱਖ ਹੈ। 'ਕਿੰਨੇ ਬੀਤੇ, ਕਿੰਨੇ ਰਹੇ' ਵਰਗੇ ਪ੍ਰਸ਼ਨਾਂ ਵਿੱਚੋਂ ਲੰਘਦੀ ਸ਼ਾਇਰਾ ਜੀਵਨ ਦੀ ਬੀਤ ਰਹੀ ਘੜੀ ਅਤੇ ਮਨੁੱਖ ਦੇ ਸਫ਼ਰ ਨੂੰ ਮਹਿਸੂਸ ਕਰਦੀ ਹੈ। ਰੁੱਤਾਂ, ਬਦਲਦੇ ਪਲ, ਨਵੇਂ ਵਰ੍ਹੇ ਅਤੇ ਬਦਲਦੀ ਦੁਨੀਆ ਉਸ ਦੀ ਕਾਵਿ-ਚੇਤਨਾ ਵਿੱਚ ਸਿਰਫ਼ ਕੁਦਰਤੀ ਦ੍ਰਿਸ਼ ਨਹੀਂ ਹਨ; ਇਹ ਸਮੇਂ ਦੇ ਗੁਜ਼ਰਨ ਅਤੇ ਜੀਵਨ ਦੇ ਬਦਲਣ ਦੇ ਪ੍ਰਤੀਕ ਬਣ ਜਾਂਦੇ ਹਨ। ਮਨੁੱਖ ਪਿੱਛੇ ਮੁੜ ਕੇ ਵੇਖਦਾ ਹੈ ਤਾਂ ਉਸ ਨੂੰ ਆਪਣੇ ਬੀਤੇ ਹੋਏ ਪਲਾਂ, ਮਿਲੇ ਲੋਕਾਂ, ਗੁਆਚੀਆਂ ਸੰਭਾਵਨਾਵਾਂ ਅਤੇ ਬਦਲਦੇ ਜੀਵਨ ਦਾ ਅਹਿਸਾਸ ਹੁੰਦਾ ਹੈ। ਇਸ ਲਈ ਸਮਾਂ ਉਸ ਦੀ ਕਵਿਤਾ ਵਿੱਚ ਇੱਕ ਨਿਰੰਤਰ ਚੱਲਦੀ ਹੋਈ ਸ਼ਕਤੀ ਵਾਂਗ ਮੌਜੂਦ ਹੈ।

ਦਲਵੀਰ ਕੌਰ ਦੀ ਗ਼ਜ਼ਲ ਦਾ ਇੱਕ ਹੋਰ ਮਹੱਤਵਪੂਰਨ ਪੱਖ ਉਸ ਦੀ ਰੂਹਾਨੀ ਅਤੇ ਦਾਰਸ਼ਨਿਕ ਚੇਤਨਾ ਹੈ। ਇੱਕ ਗ਼ਜ਼ਲ ਵਿੱਚ ਉਹ ਜੀਵ-ਜੰਤੂਆਂ ਦੀ ਵੱਖ-ਵੱਖ ਬਣਤਰ, ਸੰਸਾਰ ਨੂੰ ਸ਼ਿੰਗਾਰ ਦੇਣ ਵਾਲੇ 'ਸ਼ਬਦ', ਦਿਸ਼ਾਵਾਂ ਨੂੰ ਦਿੱਤੇ ਰਾਗ ਅਤੇ ਕੁਦਰਤ ਦੀ ਵਿਸ਼ਾਲਤਾ ਰਾਹੀਂ ਸਿਰਜਣਹਾਰ ਦੀ ਹੋਂਦ ਵੱਲ ਸੰਕੇਤ ਕਰਦੀ ਹੈ। ਇੱਥੇ ਕੁਦਰਤ ਇੱਕ ਵਿਸ਼ਾਲ ਰੂਹਾਨੀ ਪੁਸਤਕ ਬਣ ਜਾਂਦੀ ਹੈ ਜਿਸ ਨੂੰ ਪੜ੍ਹਦਿਆਂ ਮਨੁੱਖ ਆਪਣੇ ਤੋਂ ਵੱਡੀ ਕਿਸੇ ਹੋਂਦ ਦਾ ਅਨੁਭਵ ਕਰਦਾ ਹੈ। ਸਮੁੰਦਰ, ਆਕਾਸ਼, ਰਾਗ, ਰੌਸ਼ਨੀ ਅਤੇ ਗੁਲਜ਼ਾਰ ਵਰਗੇ ਬਿੰਬ ਉਸ ਦੀ ਕਾਵਿ-ਭਾਸ਼ਾ ਨੂੰ ਇੱਕ ਵਿਸ਼ਾਲ ਅਧਿਆਤਮਿਕ ਪਰਿਪੇਖ ਦਿੰਦੇ ਹਨ। ਪਰ ਇਹ ਰੂਹਾਨੀਅਤ ਕਿਸੇ ਕਰਮਕਾਂਡੀ ਧਾਰਮਿਕਤਾ ਦੀ ਬਜਾਏ ਮਨੁੱਖ ਅਤੇ ਕੁਦਰਤ ਦੇ ਡੂੰਘੇ ਸੰਬੰਧ ਵਿੱਚੋਂ ਉਪਜਦੀ ਜਾਪਦੀ ਹੈ।

ਇਸੇ ਰੂਹਾਨੀ ਸੰਵੇਦਨਾ ਦਾ ਇੱਕ ਹੋਰ ਰੂਪ ਉਸ ਦੀਆਂ ਗ਼ਜ਼ਲਾਂ ਵਿੱਚ 'ਮੌਲਾ', 'ਦੁਆ', 'ਇਸ਼ਕ', 'ਇਬਾਦਤ' ਅਤੇ 'ਅਮਨ' ਵਰਗੇ ਸ਼ਬਦਾਂ ਦੀ ਵਰਤੋਂ ਵਿੱਚ ਦਿਖਾਈ ਦਿੰਦਾ ਹੈ। ਇਹ ਸ਼ਬਦ ਸਿਰਫ਼ ਧਾਰਮਿਕ ਅਰਥਾਂ ਵਿੱਚ ਨਹੀਂ ਆਉਂਦੇ, ਸਗੋਂ ਮਨੁੱਖ ਦੇ ਅੰਦਰਲੇ ਸੁੱਚੇ ਅਤੇ ਉੱਚੇ ਸੁਪਨਿਆਂ ਦੇ ਪ੍ਰਤੀਕ ਬਣ ਜਾਂਦੇ ਹਨ। ਸ਼ਾਇਰਾ ਦੀ ਨਜ਼ਰ ਵਿੱਚ ਪ੍ਰੇਮ ਅਤੇ ਇਬਾਦਤ ਇੱਕ-ਦੂਜੇ ਤੋਂ ਵੱਖਰੇ ਨਹੀਂ। ਮਨੁੱਖ ਨਾਲ ਪਿਆਰ, ਸੱਚ ਨਾਲ ਨਿਭਾਅ, ਸ਼ਾਂਤੀ ਦੀ ਇੱਛਾ ਅਤੇ ਆਪਣੇ ਅੰਦਰਲੀ ਰੌਸ਼ਨੀ ਦੀ ਖੋਜ—ਇਹ ਸਾਰੇ ਉਸ ਦੀ ਰੂਹਾਨੀ ਕਾਵਿ-ਚੇਤਨਾ ਦੇ ਵੱਖ-ਵੱਖ ਰੂਪ ਹਨ।

ਇਨ੍ਹਾਂ ਗ਼ਜ਼ਲਾਂ ਵਿੱਚ ਨਾਰੀ- ਸੰਵੇਦਨਾ ਵੀ ਆਪਣੀ ਮੌਜੂਦਗੀ ਦਰਜ ਕਰਵਾਉਂਦੀ ਹੈ, ਭਾਵੇਂ ਸ਼ਾਇਰਾ ਇਸ ਨੂੰ ਕਿਸੇ ਨਾਅਰੇ ਜਾਂ ਸਿੱਧੀ ਵਿਚਾਰਧਾਰਕ ਘੋਸ਼ਣਾ ਵਿੱਚ ਨਹੀਂ ਬਦਲਦੀ। ਮਨੁੱਖੀ ਅਨੁਭਵਾਂ, ਰਿਸ਼ਤਿਆਂ, ਉਡੀਕ, ਅੰਦਰੂਨੀ ਇਕੱਲੇਪਣ ਅਤੇ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਮਹਿਸੂਸ ਕਰਨ ਵਾਲੀ ਉਸ ਦੀ ਆਵਾਜ਼ ਵਿੱਚ ਇੱਕ ਇਸਤਰੀ ਮਨ ਦੀ ਬਾਰੀਕ ਸੰਵੇਦਨਾ ਪਛਾਣੀ ਜਾ ਸਕਦੀ ਹੈ। ਉਸ ਦੀ ਕਵਿਤਾ ਦਾ 'ਮਨ' ਆਪਣੇ ਦੁੱਖ ਨੂੰ ਸਿਰਫ਼ ਰੋਂਦਾ ਨਹੀਂ; ਉਹ ਉਸ ਦੁੱਖ ਨੂੰ ਸਮਝਣ, ਉਸ ਵਿੱਚੋਂ ਅਰਥ ਕੱਢਣ ਅਤੇ ਉਸ ਨੂੰ ਕਾਵਿ ਵਿੱਚ ਬਦਲਣ ਦੀ ਕੋਸ਼ਿਸ਼ ਕਰਦਾ ਹੈ।

ਪਰਵਾਸੀ ਧਰਤੀ ਤੇ ਰਹਿੰਦੀ ਸ਼ਾਇਰਾ ਲਈ 'ਆਪਣੀ ਧਰਤੀ', 'ਆਪਣੀ ਭਾਸ਼ਾ' ਅਤੇ 'ਆਪਣੀ ਸੱਭਿਆਚਾਰਕ ਯਾਦ' ਦਾ ਮਹੱਤਵ ਵੀ ਸੁਭਾਵਿਕ ਤੌਰ 'ਤੇ ਬਣਦਾ ਹੈ। ਹਾਲਾਂਕਿ ਉਪਲਬਧ ਗ਼ਜ਼ਲਾਂ ਵਿੱਚ ਪਰਵਾਸੀ ਜੀਵਨ ਦਾ ਕੋਈ ਸਿੱਧਾ ਨਾਅਰਾਮਈ ਚਿੱਤਰ ਨਹੀਂ, ਪਰ ਮਨੁੱਖੀ ਜੜ੍ਹਾਂ, ਯਾਦ, ਰਿਸ਼ਤੇ ਅਤੇ ਆਪਣੀ ਪਛਾਣ ਦੀ ਖੋਜ ਉਸ ਦੀ ਕਾਵਿ-ਚੇਤਨਾ ਦੇ ਅੰਦਰਲੇ ਪੱਧਰ 'ਤੇ ਮਹਿਸੂਸ ਹੁੰਦੀ ਹੈ। ਪਰਵਾਸ ਵਿੱਚ ਰਹਿ ਕੇ ਆਪਣੀ ਮਾਂ-ਬੋਲੀ ਵਿੱਚ ਲਿਖਣਾ ਆਪਣੇ ਆਪ ਵਿੱਚ ਇੱਕ ਸੱਭਿਆਚਾਰਕ ਸੰਵਾਦ ਹੈ। ਬਿੰਦੂ ਦਲਵੀਰ ਕੌਰ ਦੀਆਂ ਗ਼ਜ਼ਲਾਂ ਇਸ ਸੰਵਾਦ ਨੂੰ ਪੰਜਾਬੀ ਦੇ ਭਾਵ-ਜਗਤ ਨਾਲ ਜੋੜਦੀਆਂ ਹਨ।

ਸ਼ਾਇਰਾ ਦੀ ਭਾਸ਼ਾ ਬਾਰੇ ਵੀ ਗੱਲ ਕਰਨੀ ਜ਼ਰੂਰੀ ਹੈ। ਉਸ ਦੀ ਸ਼ਬਦਾਵਲੀ ਵਿੱਚ ਪੰਜਾਬੀ ਦੇ ਸਹਿਜ ਸ਼ਬਦਾਂ ਦੇ ਨਾਲ-ਨਾਲ ਫ਼ਾਰਸੀ-ਅਰਬੀ ਮੂਲ ਦੇ ਉਹ ਸ਼ਬਦ ਵੀ ਆਉਂਦੇ ਹਨ ਜੋ ਗ਼ਜ਼ਲ ਦੀ ਪਰੰਪਰਾਗਤ ਭਾਸ਼ਾ ਦਾ ਹਿੱਸਾ ਰਹੇ ਹਨ- ਜਿਵੇਂ ਇਸ਼ਕ, ਇਬਾਦਤ, ਅਮਨ, ਸ਼ੋਹਰਤ, ਅਰਦਾਸ, ਮੌਲਾ, ਰਾਗ, ਸੁਰਤਾਲ ਆਦਿ। ਇਸ ਸ਼ਬਦਾਵਲੀ ਨਾਲ ਉਸ ਦੀ ਗ਼ਜ਼ਲ ਨੂੰ ਇੱਕ ਰਵਾਇਤੀ ਗ਼ਜ਼ਲਾਨਾ ਮਾਹੌਲ ਮਿਲਦਾ ਹੈ, ਪਰ ਵਿਸ਼ੇ ਕਾਫ਼ੀ ਹੱਦ ਤੱਕ ਅਜੋਕੇ ਜੀਵਨ ਅਤੇ ਮਨੁੱਖੀ ਸੰਵੇਦਨਾ ਨਾਲ ਜੁੜੇ ਹੋਏ ਹਨ। ਇਸ ਤਰ੍ਹਾਂ ਪਰੰਪਰਾ ਅਤੇ ਸਮਕਾਲੀਅਤ ਦਾ ਇੱਕ ਸੰਤੁਲਨ ਬਣਦਾ ਹੈ।

ਉਸ ਦੀਆਂ ਗ਼ਜ਼ਲਾਂ ਵਿੱਚ ਰੌਸ਼ਨੀ ਅਤੇ ਹਨੇਰੇ ਦਾ ਵਿਰੋਧ ਵੀ ਬਹੁਤ ਅਰਥਪੂਰਨ ਹੈ। ਰੌਸ਼ਨੀ ਇੱਥੇ ਆਸ, ਗਿਆਨ, ਸੱਚ ਅਤੇ ਅੰਦਰੂਨੀ ਜਾਗਰੂਕਤਾ ਦਾ ਪ੍ਰਤੀਕ ਬਣਦੀ ਹੈ, ਜਦਕਿ ਹਨੇਰਾ ਅਗਿਆਨਤਾ, ਨਿਰਾਸ਼ਾ ਜਾਂ ਮਨੁੱਖੀ ਅੰਦਰੂਨੀ ਸੰਕਟ ਵੱਲ ਸੰਕੇਤ ਕਰਦਾ ਹੈ। ਸਮੁੰਦਰ, ਸਾਗਰ, ਰਾਗ, ਗੁਲਜ਼ਾਰ, ਰੁੱਤਾਂ, ਬੀਜ ਅਤੇ ਕੋਂਪਲ ਵਰਗੇ ਕੁਦਰਤੀ ਬਿੰਬਾਂ ਰਾਹੀਂ ਸ਼ਾਇਰਾ ਆਪਣੇ ਵਿਚਾਰਾਂ ਨੂੰ ਠੋਸ ਕਾਵਿ-ਚਿੱਤਰਾਂ ਵਿੱਚ ਬਦਲਦੀ ਹੈ। ਇਸ ਕਾਰਨ ਉਸ ਦੀਆਂ ਗ਼ਜ਼ਲਾਂ ਵਿੱਚ ਵਿਚਾਰ ਅਤੇ ਬਿੰਬ ਇੱਕ-ਦੂਜੇ ਨਾਲ ਜੁੜੇ ਹੋਏ ਦਿਖਾਈ ਦਿੰਦੇ ਹਨ।

'ਮਨ ਬਉਰਾ' ਨੂੰ ਪੜ੍ਹਦਿਆਂ ਇਹ ਵੀ ਮਹਿਸੂਸ ਹੁੰਦਾ ਹੈ ਕਿ ਬਿੰਦੂ ਦਲਵੀਰ ਕੌਰ ਲਈ ਗ਼ਜ਼ਲ ਸਿਰਫ਼ ਇਸ਼ਕ ਮੁਹੱਬਤ, ਵਿਯੋਗਜਾਂ ਵਿਛੋੜੇ ਦੀ ਵਿਧਾ ਨਹੀਂ। ਉਹ ਗ਼ਜ਼ਲ ਦੀ ਪਰੰਪਰਾਗਤ ਸੰਵੇਦਨਾ ਨੂੰ ਜੀਵਨ ਦੇ ਵੱਡੇ ਪ੍ਰਸ਼ਨਾਂ ਨਾਲ ਜੋੜਦੀ ਹੈ। ਮਨੁੱਖ ਕੌਣ ਹੈ, ਉਸ ਦੀ ਹੋਂਦ ਦਾ ਅਰਥ ਕੀ ਹੈ, ਸਮਾਂ ਉਸ ਨੂੰ ਕਿੱਥੇ ਲੈ ਜਾਂਦਾ ਹੈ, ਸੱਚ ਅਤੇ ਝੂਠ ਵਿੱਚ ਉਸ ਦੀ ਚੋਣ ਕੀ ਹੋਵੇ, ਅਮਨ ਅਤੇ ਮਨੁੱਖਤਾ ਦੀ ਕੀ ਕੀਮਤ ਹੈ ਅਤੇ ਆਪਣੇ ਅੰਦਰਲੀ ਰੌਸ਼ਨੀ ਤੱਕ ਕਿਵੇਂ ਪਹੁੰਚਿਆ ਜਾ ਸਕਦਾ ਹੈ-ਇਹ ਪ੍ਰਸ਼ਨ ਉਸ ਦੀ ਕਾਵਿ-ਯਾਤਰਾ ਦੇ ਕੇਂਦਰ ਵਿੱਚ ਦਿਖਾਈ ਦਿੰਦੇ ਹਨ।

ਇਸ ਕਰਕੇ 'ਮਨ ਬਉਰਾ' ਨੂੰ ਕੇਵਲ ਗ਼ਜ਼ਲਾਂ ਦਾ ਸੰਗ੍ਰਹਿ ਕਹਿਣ ਦੀ ਬਜਾਏ ਦਲਵੀਰ ਕੌਰ ਦੀ ਅੰਦਰੂਨੀ ਅਤੇ ਰੂਹਾਨੀ ਯਾਤਰਾ ਦਾ ਕਾਵਿ-ਦਸਤਾਵੇਜ਼ ਕਹਿਣਾ ਵਧੇਰੇ ਉਚਿਤ ਹੋਵੇਗਾ। ਇਸ ਪੁਸਤਕ ਵਿੱਚ ਇੱਕ ਅਜਿਹਾ ਮਨ ਬੋਲਦਾ ਹੈ ਜੋ ਦੁਨੀਆ ਨੂੰ ਵੇਖ ਕੇ ਵੀ ਆਪਣੇ ਅੰਦਰ ਵੱਲ ਮੁੜਦਾ ਹੈ, ਦੁੱਖ ਨੂੰ ਮਹਿਸੂਸ ਕਰਕੇ ਵੀ ਆਸ ਨਹੀਂ ਛੱਡਦਾ, ਸਮੇਂ ਦੇ ਬੀਤਣ ਨੂੰ ਜਾਣ ਕੇ ਵੀ ਜੀਵਨ ਉੱਤੇ ਵਿਸ਼ਵਾਸ ਰੱਖਦਾ ਹੈ ਅਤੇ ਹਨੇਰੇ ਦੇ ਵਿਚਕਾਰ ਵੀ ਰੌਸ਼ਨੀ ਦੀ ਸੰਭਾਵਨਾ ਲੱਭਦਾ ਹੈ।

ਕੈਨੇਡਾ ਦੀ ਧਰਤੀ 'ਤੇ ਰਹਿ ਕੇ ਪੰਜਾਬੀ ਗ਼ਜ਼ਲ ਨਾਲ ਆਪਣਾ ਰਿਸ਼ਤਾ ਬਣਾਈ ਰੱਖਣ ਵਾਲੀ ਬਿੰਦੂ ਦਲਵੀਰ ਕੌਰ ਦੀ ਇਹ ਕਾਵਿ-ਆਵਾਜ਼ ਆਪਣੀ ਸਾਦਗੀ, ਸੰਵੇਦਨਸ਼ੀਲਤਾ, ਰੂਹਾਨੀ ਚਿੰਤਨ ਅਤੇ ਮਨੁੱਖੀ ਸਰੋਕਾਰਾਂ ਕਰਕੇ ਧਿਆਨ ਦੇਣ ਯੋਗ ਹੈ। 'ਮਨ ਬਉਰਾ' ਇਸੇ ਮਨ ਦੀ ਉਹ ਕਾਵਿ-ਗਵਾਹੀ ਹੈ ਜੋ ਜੀਵਨ ਨੂੰ ਸਿਰਫ਼ ਜਿਉਂਦੀ ਨਹੀਂ, ਉਸ ਨੂੰ ਸਮਝਣ ਅਤੇ ਉਸ ਦੇ ਅੰਦਰ ਲੁਕੇ ਅਰਥਾਂ ਤੱਕ ਪਹੁੰਚਣ ਦੀ ਲਗਾਤਾਰ ਕੋਸ਼ਿਸ਼ ਕਰਦੀ ਹੈ।